# ਨਾਜਾਇਜ਼ ਅਸਲ੍ਹੇ ਸਮੇਤ ਇਕ ਗ੍ਰਿਫ਼ਤਾਰ

ਨੂਰਪੁਰ ਬੇਦੀ, 20 ਅਕਤੂਬਰ (ਪੱਤਰ ਪ੍ਰੇਰਕ) - ਜ਼ਿਲ੍ਹਾ ਪੁਲਿਸ ਮੁਖੀ ਵਲੋਂ ਵਿੱਢੀ ਮੁਹਿੰਮ ਨੂੰ ਉਸ ਵਕਤ ਵੱਡੀ ਸਫ਼ਲਤਾ ਪ੍ਰਾਪਤ ਹੋਈ ਜਦੋਂ ਥਾਣਾ ਨੂਰਪੁਰ ਬੇਦੀ ਦੀਆਂ ਹਦਾਇਤਾਂ ਤਹਿਤ ਨਾਜਾਇਜ਼ ਅਸਲ੍ਹਾ ਰੱਖਣ ਵਾਲਿਆਂ ਦੇ ਵਿਰੁੱਧ ਪੁਲਿਸ ਵਲੋਂ ਚਲਾਈ ਮੁਹਿਮ ਤਹਿਤ ਬੀਤੇ ਦਿਨ ਏ.ਐੱਸ.ਆਈ ਬਲਵੀਰ ਸਿੰਘ ਵੱਲੋਂ ਝੱਜ ਚੌਕ ਤੋਂ ਕਲਮਾਂ ਰੋੜ 'ਤੇ ਟੀ ਪੁਆਇਟ ਸੈਂਦ ਪੁਰ ਨਜ਼ਦੀਕ ਡੂਮੇਵਾਲ ਵਿਖੇ ਇਕ ਵਿਅਕਤੀ ਤੋਂ ਇਕ ਪਿਸਤੌਲ ਦੇਸੀ 12 ਬੋਰ ਸਮੇਤ 2 ਕਾਰਤੂਸ ਜਿੰਦਾ 12 ਬੋਰ ਤੇ ਤਿੰਨ ਪਿਸਤੌਲ 315 ਬੋਰ ਸਮੇਤ 03 ਕਾਰਤੂਸ ਜ਼ਿੰਦਾ 315 ਬੋਰ ਨਾਜਾਇਜ਼ ਅਸਲੇ ਸਮੇਤ ਇਕ ਵਿਅਕਤੀ ਕਾਬੂ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਥਾਣਾ ਮੁਖੀ ਗੁਰਸੇਵਕ ਸਿੰਘ ਬਰਾੜ ਨੇ ਦੱਸਿਆ ਕਿ ਜਦੋਂ ਏਐੱਸਆਈ ਬਲਵੀਰ ਸਿੰਘ ਆਪਣੀ ਪੁਲਿਸ ਪਾਰਟੀ ਨਾਲ ਝੱਜ ਚੌਕ ਤੋਂ ਟੀ ਪੁਆਇਟ ਸੈਂਦਪੁਰ ਦੇ ਨਜਦੀਕ ਮੌਜੂਦ ਸੀ ਤਾਂ ਮੁਖ਼ਬਰ ਨੇ ਇਤਲਾਹ ਦਿੱਤੀ ਕਿ ਗੁਰਮੁੱਖ ਸਿੰਘ ਜਿਸ ਦੇ ਕਾਫੀ ਮਾੜੇ ਅਨਸਰਾਂ ਨਾਲ ਸੰਬੰਧ ਹਨ ਤੇ ਨਾਜਾਇਜ਼ ਅਸਲ੍ਹਾ ਰੱਖਣ ਦਾ ਆਦੀ ਹੈ , ਨੇ ਅੱਜ ਵੀ ਆਪਣੇ ਕੋਲ ਨਾਜਾਇਜ਼ ਅਸਲ੍ਹਾ ਰੱਖਿਆ ਹੋਇਆ ਹੈ ਤੇ ਪੈਦਲ ਪਿੰਡ ਹਰੀਪੁਰ ਸਾਈਡ ਤੋਂ ਡੂਮੇਵਾਲ ਨੂੰ ਆ ਰਿਹਾ ਹੈ। ਪੁਲਿਸ ਪਾਰਟੀ ਵਲੋਂ ਉਸ ਨੂੰ ਰੋਕ ਕੇ ਜਾਂਚ ਕੀਤੀ ਤਾਂ ਉਸ ਕੋਲੋਂ ਇਕ ਪਿਸਤੌਲ ਦੇਸੀ 12 ਬੋਰ ਸਮੇਤ 2 ਕਾਰਤੂਸ ਜਿੰਦਾ 12 ਬੋਰ ਤੇ ਤਿੰਨ ਪਿਸਤੌਲ 315 ਬੋਰ ਸਮੇਤ 03 ਕਾਰਤੂਸ ਜ਼ਿੰਦਾ 315 ਬੋਰ ਨਾਜਾਇਜ਼ ਅਸਲ੍ਹਾ ਬਰਾਮਦ ਹੋਇਆ ਜਿਸ ਨੂੰ ਮੌਕੇ 'ਤੇ ਕਾਬੂ ਕਰ ਲਿਆ ਗਿਆ । ਪੁਲਿਸ ਵੱਲੋਂ ਗੁਰਮੁੱਖ ਸਿੰਘ ਤੋਂ ਪੁੱਛਗਿੱਛ ਕਰ ਕੇ ਪਤਾ ਲਗਵਾਇਆ ਕਿ ਜਸਵੀਰ ਸਿੰਘ ਉਰਫ਼ ਕਾਕਾ ਪੁੱਤਰ ਰੋਸ਼ਨ ਲਾਲ ਪਿੰਡ ਮੱਖੂਪੁਰ ਥਾਣਾ ਪੋਜੇਵਾਲ ਜ਼ਿਲ੍ਹਾ ਨਵਾਂਸ਼ਹਿਰ, ਤੇਈਆ ਉਰਫ ਜਤਿੰਦਰ ਪਿੰਡ ਜਤੋਲੀ ਥਾਣਾ ਨੂਰਪੁਰ ਬੇਦੀ, ਬਿੰਦਰ ਗੁੱਜਰ ਪਿੰਡ ਬੱਗੂਵਾਲ ਦੇ ਨਾਂਅ ਵੀ ਦੱਸੇ ਹਨ। ਉਨ੍ਹਾਂ ਦੱਸਿਆ ਕਿ ਪੁਲਿਸ ਵਲੋਂ ਦੋਸ਼ੀ ਖਿਲਾਫ ਮਾਮਲਾ ਦਰਜ ਕੀਤਾ ਗਿਆ।

ਅਜੀਤ ®©
21-Oct-2022
Page: 5
http://epaper.ajitjalandhar.com/edition/20221021/10/5.cr